# ਅਲਹਿਦਗੀ ਜਾਂ ਤਲਾਕ ਤੋਂ ਬਾਦ ਮੂਵ ਕਰ ਰਹੇ ਹੋ?

*ਡਾਇਵੋਰਸ ਐਕਟ* ਦੇ ਪਰਵਰਿਸ਼ ਨਿਯਮ, ਜਿਹੜੇ 'ਕਸਟਡੀ' ਅਤੇ 'ਅਕਸੈੱਸ' ਸਬੰਧੀ ਹੁੰਦੇ ਸਨ, ਬਦਲ ਗਏ ਹਨ। ਪਰ ਇਹ ਤਬਦੀਲੀਆਂ 1 ਮਾਰਚ, 2021 ਤੋਂ ਪਹਿਲਾਂ **ਲਾਗੂ ਨਹੀਂ ਹੁੰਦੀਆਂ**। ਉਦੋਂ ਤੱਕ ਮੌਜੂਦਾ ਕਨੂੰਨ ਲਾਗੂ ਰਹੇਗਾ।

ਇਸ ਸਫੇ ਤੇ ਨਵੇਂ ਕਨੂੰਨਾਂ ਬਾਰੇ ਜਾਣਕਾਰੀ ਹੈ, ਜਿਹੜੇ 1 ਮਾਰਚ, 2021 ਤੋਂ ਮੂਵ ਹੋਣ ਤੇ ਲਾਗੂ ਹੁੰਦੇ ਹਨ।

ਨਵੇਂ *ਡਾਇਵੋਰਸ ਐਕਟ* ਵਿਚ ਤਲਾਕਸ਼ੁਦਾ ਜਾਂ ਤਲਾਕ ਲੈ ਰਹੇ ਮਾਪਿਆਂ, ਪਰਿਵਾਰਕ ਨਿਆਂ ਪ੍ਰੋਫੈਸ਼ਨਲਾਂ ਅਤੇ ਅਦਾਲਤਾਂ ਲਈ ਇਕ ਫਰੇਮਵਰਕ ਹੈ, ਜਿਹੜਾ ਉਨ੍ਹਾਂ ਨੂੰ ਨਿਮਨਲਿਖਤ ਸਥਿਤੀਆਂ ਵਿਚ ਗਾਈਡ ਕਰੇਗਾ:

- ਆਪਣੇ ਬੱਚੇ ਨੂੰ ਲਿਜਾਣਾ **ਜਾਂ**
- ਆਪਣੇ ਬੱਚੇ ਤੋਂ ਦੂਰ ਜਾਣਾ

ਇਹ ਕਨੂੰਨ ਨਿਮਨਲਿਖਤ ਬਾਰੇ ਹਨ:

- ਪਾਲਣਾ ਕਰਨ ਲਈ ਨਵੇਂ ਕਦਮ ਜਦੋਂ ਕੋਈ ਮਾਪਾ ਮੂਵ ਕਰਨ ਦੀ ਯੋਜਨਾ ਬਣਾਉਂਦਾ ਹੈ
- ਕੋਰਟ ਕਿਵੇਂ ਫੈਸਲਾ ਕਰੇਗੀ ਕਿ ਕੋਈ ਬੱਚਾ ਦੂਜੀ ਥਾਂ ਜਾ ਸਕਦਾ ਹੈ ਜਾਂ ਨਹੀਂ ਜਾ ਸਕਦਾ।

ਇਨ੍ਹਾਂ ਨਿਯਮਾਂ ਦਾ ਮਕਸਦ ਮਾਪਿਆਂ ਦੀ ਇਸ ਗੱਲ ਵਿਚ ਮਦਦ ਕਰਨਾ ਹੈ ਕਿ ਇਕ ਤੋਂ ਦੂਜੀ ਥਾਂ ਜਾਣ ਬਾਰੇ ਕੋਈ ਸਮਝੌਤੇ ਕਰ ਸਕਣ ਅਤੇ ਅਦਾਲਤਾਂ ਵਿਚ ਜਾਣ ਤੋਂ ਬਚ ਸਕਣ।

**ਇਸ ਸਫੇ ਤੇ ਹੈ:**

**ਸਥਾਨ-ਬਦਲੀ (relocation) ਕੀ ਹੈ?**
**ਮੂਵ ਕਰਨ ਦੀ ਯੋਜਨਾ ਬਾਰੇ ਤੁਹਾਨੂੰ ਨੋਟਿਸ ਕਦੋਂ ਦੇਣਾ ਹੋਵੇਗਾ**
**ਤੁਸੀਂ ਨੋਟਿਸ ਕਿਸ ਨੂੰ ਦੇਣਾ ਹੋਵੇਗਾ**
**ਨੋਟਿਸ ਵਿਚ ਕੀ ਲਿਖਿਆ ਹੋਣਾ ਚਾਹੀਦਾ ਹੈ**
**ਨੋਟਿਸ ਤੋਂ ਛੋਟਾਂ ਜੇ ਤੁਸੀਂ ਆਪਣੀ ਜਾਂ ਆਪਣੇ ਬੱਚੇ ਦੀ ਸੁਰੱਖਿਆ ਬਾਰੇ ਡਰੇ ਹੋਏ ਹੋ**
**ਸਥਾਨ-ਬਦਲੀ ਨੋਟਿਸ ਦੇਣ ਤੋਂ ਬਾਦ ਕੀ ਹੁੰਦਾ ਹੈ**
**ਅਦਾਲਤ ਕਿਵੇਂ ਫੈਸਲਾ ਕਰੇਗੀ ਕਿ ਬੱਚੇ ਨੂੰ ਦੂਜੀ ਥਾਂ ਲਿਜਾਇਆ ਜਾ ਸਕਦਾ ਹੈ ਜਾਂ ਨਹੀਂ**
**ਬੱਚਿਆਂ ਨਾਲ ਸਮਾਂ ਬਿਤਾਉਣ ਲਈ ਟਰੈਵਲ ਖਰਚੇ**

**ਯਾਦ ਰੱਖੋ: 1 ਮਾਰਚ, 2021 ਤੋਂ ਬਾਦ *ਡਾਇਵੋਰਸ ਐਕਟ* ਵਿਚ 'ਕਸਟਡੀ' ਅਤੇ 'ਅਕਸੈਸ' ਵਰਗੀਆਂ ਟਰਮਾਂ ਦੀ ਵਰਤੋਂ ਬੰਦ ਹੋ ਜਾਵੇਗੀ। ਜਦੋਂ ਇਸ ਫੈਕਟ ਸ਼ੀਟ (ਵੈਬਪੇਜ) ਵਿਚ 'ਪਰਵਰਿਸ਼ ਜ਼ਿੰਮੇਵਾਰੀਆਂ' ਬਾਰੇ ਅਦਾਲਤੀ ਆਦੇਸ਼ ਦਾ ਜ਼ਿਕਰ ਹੁੰਦਾ ਹੈ, ਤਾਂ ਉਸ ਵਿਚ 'ਕਸਟਡੀ' ਅਤੇ 'ਅਕਸੈਸ' ਦੇ ਦੋਵੇਂ ਪੁਰਾਣੇ ਔਰਡਰ ਵੀ ਸ਼ਾਮਲ ਹੁੰਦੇ ਹਨ ਅਤੇ ਨਵੇਂ ਪਰਵਰਿਸ਼ ਔਰਡਰ ਵੀ ਸ਼ਾਮਲ ਹੁੰਦੇ ਹਨ, ਜਿਹੜੇ 'ਪਰਵਰਿਸ਼ ਸਮਾਂ' ਅਤੇ 'ਫੈਸਲਾ-ਲੈਣ ਸੰਬੰਧੀ ਜ਼ਿੰਮੇਵਾਰੀਆਂ' ਤੈਅ ਕਰਦੇ ਹਨ।**

## ਸਥਾਨ-ਬਦਲੀ (relocation) ਕੀ ਹੈ?

ਇਕ ਤੋਂ ਦੂਜੀ ਥਾਂ ਮੂਵ ਕਰਨਾ ਹਮੇਸ਼ਾ 'ਸਥਾਨ-ਬਦਲੀ' (relocation) ਨਹੀਂ ਸਮਝਿਆ ਜਾਂਦਾ। *ਡਾਇਵੋਰਸ ਐਕਟ* ਵਿਚ ਇਸ ਬਾਰੇ ਅਲੱਗ-ਅਲੱਗ ਨਿਯਮ ਹਨ, ਜਿਹੜੇ ਇਸ ਗੱਲ ਤੇ ਨਿਰਭਰ ਕਰਦੇ ਹਨ ਕਿ ਪਰਵਰਿਸ਼ ਜ਼ਿੰਮੇਵਾਰੀਆਂ ਵਾਲੇ ਵਿਅਕਤੀ ਜਾਂ ਬੱਚੇ ਦੁਆਰਾ ਇਕ ਤੋਂ ਦੂਜੀ ਥਾਂ ਜਾਣ ਨਾਲ ਬੱਚੇ ਦੇ ਰਿਸ਼ਤਿਆਂ ਤੇ ਕੋਈ ਵੱਡਾ ਅਸਰ ਪਵੇਗਾ ਜਾਂ ਨਹੀਂ।

"**ਸਥਾਨ-ਬਦਲੀ**" ਦਾ ਆਮ ਕਰਕੇ ਅਰਥ ਇਹ ਹੁੰਦਾ ਹੈ ਕਿ ਬੱਚੇ ਲਈ ਨਿਰਧਾਰਤ ਪਰਵਰਿਸ਼ ਸਮਾ-ਸਾਰਣੀ ਇਸ ਮੂਵ ਕਾਰਨ ਚੱਲ ਨਹੀਂ ਸਕੇਗੀ। ਮਿਸਾਲ ਦੇ ਤੌਰ ਤੇ, ਇਕ ਮਾਪੇ ਦੀ ਆਪਣੇ ਬੱਚੇ ਸਮੇਤ ਨਿਊਫੰਡਲੈਂਡ ਤੋਂ ਓਨਟੈਰੀਓ ਵਿਚ ਤਬਦੀਲੀ ਨੂੰ ਸਥਾਨ-ਬਦਲੀ ਕਿਹਾ ਜਾਵੇਗਾ। ਇਹ ਬੱਚੇ ਦੇ ਨਵੇਂ ਘਰ ਅਤੇ ਮੌਜੂਦਾ ਘਰ ਵਿਚ ਦੂਰੀ ਕਰਕੇ,ਅਤੇ ਇਸਦੇ ਪਰਵਰਿਸ਼ ਸਮਾਂ-ਸਾਰਣੀ ਤੇ ਪੈਣ ਵਾਲੇ ਇਸ ਦੇ ਅਸਰ ਕਰਕੇ ਹੈ।
ਹਰ ਸਥਿਤੀ ਅਤੇ ਇਸ ਦੇ ਬੱਚੇ ਤੇ ਅਸਰ ਨੂੰ ਦੇਖਣਾ ਅਹਿਮ ਹੈ। ਕਈ ਵਾਰ ਕਿਸੇ ਥੋੜ੍ਹੀ ਦੂਰੀ ਤੇ ਜਾਣਾ ਵੀ 'ਸਥਾਨ-ਬਦਲੀ' ਹੋ ਸਕਦਾ ਹੈ, ਜੇਕਰ ਇਸ ਦਾ ਪਰਵਰਿਸ਼ ਸਮਾਂ-ਸਾਰਣੀ ਤੇ ਵੱਡਾ ਅਸਰ ਪੈਂਦਾ ਹੋਵੇ।

### ਤੁਹਾਨੂੰ ਮੂਵ ਕਰਨ ਦੇ ਪਲੈਨ ਦਾ ਨੋਟਿਸ ਕਦੋਂ ਦੇਣ ਦੀ ਲੋੜ ਹੋਵੇਗੀ

ਜੇ ਤੁਹਾਡੇ ਤੇ ਡਾਇਵੋਰਸ ਐਕਟ ਅਧੀਨ ਪਰਵਰਿਸ਼ ਦੀਆਂ ਜ਼ਿੰਮੇਵਾਰੀਆਂ ਸੰਬੰਧੀ ਕੋਰਟ ਔਰਡਰ ਹੈ, ਤਾਂ ਤੁਹਾਨੂੰ ਮੂਵ ਬਾਰੇ ਆਪਣੀ ਯੋਜਨਾ ਸੰਬੰਧੀ ਨੋਟਿਸ ਦੇਣਾ ਪਵੇਗਾ।

ਤੁਹਾਨੂੰ ਇਹ ਨੋਟਿਸ ਦੇਣਾ ਪਵੇਗਾ ਕਿ ਤੁਸੀਂ ਆਪਣੇ ਬੱਚੇ ਸਮੇਤ ਮੂਵ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਬੱਚੇ ਤੋਂ ਬਿਨਾਂ।

### ਤੁਸੀਂ ਨੋਟਿਸ ਕਿਸ ਨੂੰ ਦੇਣਾ ਹੋਵੇਗਾ

ਮੂਵ ਕਰਨ ਸੰਬੰਧੀ ਆਪਣੀ ਯੋਜਨਾ ਬਾਰੇ ਤੁਹਾਨੂੰ ਨਿਮਨਲਿਖਤ ਨੂੰ ਨੋਟਿਸ ਦੇਣ ਦੀ ਲੋੜ ਹੋਵੇਗੀ:

- ਪਰਵਰਿਸ਼ ਜ਼ਿੰਮੇਵਾਰੀਆਂ ਵਾਲੇ ਵਿਅਕਤੀ ਨੂੰ
- ਕੌਨਟੈਕਟ ਔਰਡਰ ਅਧੀਨ ਸੰਪਰਕ ਵਾਲੇ ਵਿਅਕਤੀ ਨੂੰ

ਪਰਵਰਿਸ਼ ਅਤੇ ਕੌਨਟੈਕਟ ਔਰਡਰ ਬਾਰੇ ਵਧੇਰੇ ਜਾਣਕਾਰੀ ਲਈ ਅਲਹਿਦਗੀ ਜਾਂ ਤਲਾਕ ਤੋਂ ਬਾਦ ਪਰਵਰਿਸ਼ ਪ੍ਰਬੰਧਾਂ ਬਾਰੇ ਫੈਕਟਸ਼ੀਟ ਦੇਖੋ।

## ਨੋਟਿਸ ਵਿਚ ਕੀ ਕਹਿਣਾ ਚਾਹੀਦਾ ਹੈ

**ਮੂਵ ਕਰਨਾ ਸਥਾਨ-ਬਦਲੀ ਨਹੀਂ ਹੈ**

ਜੇ ਤੁਹਾਡੇ ਕਿਤੇ ਮੂਵ ਕਰਨ ਦਾ ਬੱਚੇ ਦੇ ਦੂਜੇ ਲੋਕਾਂ ਨਾਲ ਸੰਬੰਧਾਂ ਤੇ ਕੋਈ ਵੱਡਾ ਅਸਰ ਨਹੀਂ ਪੈਂਦਾ—ਮਿਸਾਲ ਵਜੋਂ ਕਸਬੇ ਜਾਂ ਸਿਟੀ ਦੇ ਅੰਦਰ ਹੀ ਕਿਤੇ ਮੂਵ ਕਰਨਾ---ਤਾਂ ਤੁਸੀਂ ਦੂਜੇ ਵਿਅਕਤੀ/ਵਿਅਕਤੀਆਂ ਨੂੰ ਇਹ ਗੱਲਾਂ ਅਵੱਸ਼ ਦੱਸੋ:

- ਜਿਸ ਤਰੀਕ ਤੇ ਤੁਸੀਂ ਮੂਵ ਕਰ ਰਹੇ ਹੋ
- ਤੁਹਾਡਾ ਨਵਾਂ ਐਡਰੈੱਸ
- ਤੁਹਾਡੀ ਨਵੀਂ ਸੰਪਰਕ ਜਾਣਕਾਰੀ

ਇਹ ਇਸ ਵਾਸਤੇ ਹੈ ਤਾਂ ਕਿ ਪਰਵਰਿਸ਼ ਜ਼ਿੰਮੇਵਾਰੀਆਂ ਜਾਂ ਕੌਂਟੈਕਟ ਔਰਡਰ ਵਾਲੇ ਦੂਜੇ ਲੋਕਾਂ ਨੂੰ ਪਤਾ ਲੱਗ ਸਕੇ ਕਿ ਬੱਚਾ ਕਿੱਥੇ ਰਹਿੰਦਾ ਹੈ, ਕਿੱਥੋਂ ਉਸ ਨੂੰ ਚੁੱਕਣਾ ਹੈ ਅਤੇ ਛੱਡਣਾ ਹੈ ।

**ਯਾਦ ਰੱਖੋ: ਜੇ ਮੂਵ ਕਰਨ ਨਾਲ ਪਰਵਰਿਸ਼ ਸਮਾਂ-ਸਾਰਣੀ ਤੇ ਵੱਡਾ ਅਸਰ ਪੈਂਦਾ ਹੋਵੇ ਤਾਂ ਇਹ ਸਥਾਨ-ਬਦਲੀ (relocation) ਹੈ, ਇਸ ਕਰਕੇ ਅਜਿਹੀ ਮੂਵ ਬਾਰੇ ਸਥਾਨ-ਬਦਲੀ ਵਾਲੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ।**

### ਜਿਹੜਾ ਮੂਵ ਕਰਨਾ ਸਥਾਨ-ਬਦਲੀ ਹੈ

ਜਿਨ੍ਹਾਂ ਲੋਕਾਂ ਨੂੰ ਨੋਟਿਸ ਮਿਲ ਰਿਹਾ ਹੋਵੇਗਾ, ਜੇ ਮੂਵ ਕਰਨ ਦਾ ਉਨ੍ਹਾਂ ਲੋਕਾਂ ਨਾਲ ਬੱਚੇ ਦੇ ਰਿਸ਼ਤੇ ਤੇ ਵੱਡਾ ਅਸਰ ਪਵੇ—ਮਿਸਾਲ ਵਜੋਂ ਬਣਾਈ ਗਈ ਪਰਵਰਿਸ਼ ਸਮਾਂ-ਸਾਰਣੀ ਕੰਮ ਨਾ ਕਰੇ—ਤਾਂ ਇਹ ਸਥਾਨ-ਬਦਲੀ (relocation) ਹੈ ਅਤੇ ਤੁਹਾਨੂੰ *ਡਾਇਵੋਰਸ ਐਕਟ* ਅਧੀਨ ਲਾਜ਼ਮੀ ਤੌਰ ਤੇ ਸਥਾਨ-ਬਦਲੀ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ

ਜੇ ਤੁਸੀਂ ਸਥਾਨ-ਬਦਲੀ ਦੀ ਯੋਜਨਾ ਬਣਾ ਰਹੇ ਹੋ ਤਾਂ ਤੁਸੀਂ ਲਾਜ਼ਮੀ ਤੌਰ ਤੇ:

- ਮੂਵਿੰਗ ਤੋਂ ਘੱਟੋ ਘੱਟ 60 ਦਿਨ ਪਹਿਲਾਂ ਨੋਟਿਸ ਦੇਵੋ
- ਮੂਵਿੰਗ ਬਾਰੇ ਵਿਸ਼ੇਸ਼ ਵੇਰਵੇ ਦਿਓ। ਨੋਟਿਸ ਔਫ ਰੀਲੋਕੇਸ਼ਨ ਫਾਰਮ ਤੁਹਾਨੂੰ ਉਹ ਸਾਰੀ ਜਾਣਕਾਰੀ ਦੱਸਦਾ ਹੈ, ਜਿਹੜੀ ਤੁਹਾਨੂੰ ਨੋਟਿਸ ਵਿਚ ਅਵੱਸ਼ ਸ਼ਾਮਲ ਕਰਨੀ ਚਾਹੀਦੀ ਹੈ। ਇਸ ਫਾਰਮ ਵਿਚ ਨਿਮਨਲਿਖਤ ਬਾਰੇ ਜਾਣਕਾਰੀ ਮੰਗੀ ਜਾਂਦੀ ਹੈ:
  - ਮੂਵਿੰਗ ਕਦੋਂ ਹੋਵੇਗੀ
  - ਤੁਹਾਡਾ ਨਵਾਂ ਐਡਰੈੱਸ
  - ਤੁਹਾਡੀ ਸੰਪਰਕ ਜਾਣਕਾਰੀ
  - ਜੇ ਮੂਵਿੰਗ ਹੁੰਦੀ ਹੈ ਤਾਂ ਜਿਨ੍ਹਾਂ ਲੋਕਾਂ ਨੂੰ ਨੋਟਿਸ ਮਿਲ ਰਿਹਾ ਹੈ, ਉਨ੍ਹਾਂ ਨਾਲ ਬੱਚੇ ਦੇ ਸੰਬੰਧਾਂ ਵਿਚ ਸਹਾਇਤਾ ਕਰਨ ਲਈ ਤੁਹਾਡੇ ਖਿਆਲ ਮੁਤਾਬਕ ਪਰਵਰਿਸ਼ ਅਤੇ ਕੌਂਨਟੈਕਟ ਸਾਰਣੀ ਕਿਵੇ ਬਦਲੀ ਜਾ ਸਕਦੀ ਹੈ।

**ਯਾਦ ਰੱਖੋ: ਭਾਵੇਂ ਇਕ ਮਾਪਾ ਬਿਨਾਂ ਬੱਚੇ ਦੇ ਮੂਵ ਕਰ ਰਿਹਾ ਹੋਵੇ, ਰੀਲੋਕੇਸ਼ਨ ਨੋਟਿਸ ਦੀ ਫਿਰ ਵੀ ਲੋੜ ਪੈਂਦੀ ਹੈ। ਇਹ ਇਸ ਕਰਕੇ, ਕਿਉਂਕਿ ਇਸ ਦਾ ਬੱਚੇ ਦੇ ਉਸ ਮਾਪੇ ਨਾਲ ਸੰਬੰਧਾਂ ਤੇ ਵੱਡਾ ਅਸਰ ਪੈਂਦਾ ਹੈ**

## ਨੋਟਿਸ ਵਿਚ ਛੋਟਾਂ ਜੇ ਤੁਸੀਂ ਆਪਣੀ ਜਾਂ ਬੱਚੇ ਦੀ ਸੁਰੱਖਿਆ ਨੂੰ ਲੈ ਕੇ ਡਰੇ ਹੋਏ ਹੋ

ਜੇ ਤੁਹਾਨੂੰ ਆਪਣੀ ਜਾਂ ਆਪਣੇ ਬੱਚੇ ਦੀ ਸੁਰੱਖਿਆ ਨੂੰ ਲੈ ਕੇ ਡਰ ਹੈ, ਤੁਸੀਂ ਨੋਟਿਸ ਨਿਯਮਾਂ ਵਿਚ ਤਬਦੀਲੀ ਵਾਸਤੇ ਅਦਾਲਤ ਨੂੰ ਕਹਿ ਸਕਦੇ ਹੋ। ਤੁਸੀਂ ਦੂਜੀ ਧਿਰ ਨੂੰ ਦੱਸੇ ਬਗੈਰ ਅਦਾਲਤ ਵਿਚ ਦਰਖਾਸਤ ਦੇ ਸਕਦੇ ਹੋ ( ਆਮ ਕਰਕੇ ਦੂਜਾ ਮਾਪਾ)।

ਜਿਸ ਹਾਲਤ ਵਿਚ ਨੋਟਿਸ ਨਿਯਮਾਂ ਵਿਚ ਤਬਦੀਲੀ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਉਸ ਬਾਰੇ ਡਾਇਵੋਰਸ ਐਕਟ ਪਰਿਵਾਰਕ ਹਿੰਸਾ ਦੀ ਮਿਸਾਲ ਦਿੰਦਾ ਹੈ । ਨੋਟਿਸ ਨਿਯਮਾਂ ਵਿਚ ਛੋਟ ਲਈ ਤੁਹਾਡੀ ਦਰਖਾਸਤ ਨਾਲ ਅਦਾਲਤ ਨੂੰ ਪਰਿਵਾਰਕ ਹਿੰਸਾ ਦੇ ਸਬੂਤ ਚਾਹੀਦੇ ਹੋਣਗੇ ( ਮਿਸਾਲ ਵਜੋਂ 911 ਕਾਲਾਂ, ਪੁਲਸ ਰਿਪੋਰਟਾਂ, ਫੋਟੋਆਂ)।

## ਸਥਾਨ-ਬਦਲੀ ਦਾ ਨੋਟਿਸ ਦਿੱਤੇ ਜਾਣ ਤੋਂ ਬਾਦ ਕੀ ਹੁੰਦਾ ਹੈ

### ਕਿਸੇ ਸਮਝੌਤੇ ਲਈ ਕੋਸ਼ਿਸ਼ ਜਾਰੀ ਰੱਖੋ

ਡਾਇਵੋਰਸ ਐਕਟ ਇਹ ਉਮੀਦ ਰੱਖਦਾ ਹੈ ਕਿ ਮਾਪੇ ਬੱਚਿਆਂ ਦੀ ਸ਼ਮੂਲੀਅਤ ਵਾਲੇ ਮੁੱਦਿਆਂ ਨੂੰ, ਅਦਾਲਤ ਤੋਂ ਬਾਹਰੀ ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆਵਾਂ ਜਿਵੇਂ ਕਿ ਗੱਲਬਾਤ ਅਤੇ ਵਿਚੋਲਗੀ ਰਾਹੀਂ ਸੁਲਝਾਉਣ ਦੀ ਕੋਸ਼ਿਸ਼ ਕਰਦੇ ਰਹਿਣ, ਜੇਕਰ ਇਹ ਅਣਉਚਿਤ ਨਾ ਹੋਵੇ। ਇਸ ਵਿਚ ਬੱਚੇ ਦੀ ਸੰਭਾਵੀ ਸਥਾਨ-ਬਦਲੀ ਵੀ ਸ਼ਾਮਲ ਹੈ। ਆਮ ਕਰਕੇ ਇਹ ਬਿਹਤਰ ਹੁੰਦਾ ਹੈ ਕਿ ਮਾਪੇ ਕੋਈ ਆਪਣਾ ਹੱਲ ਲੱਭਣ, ਕਿਉਂਕਿ ਤੁਸੀਂ ਹੀ ਆਪਣੇ ਬੱਚਿਆਂ ਨੂੰ ਸਭ ਤੋਂ ਵੱਧ ਜਾਣਦੇ ਹੋ। ਜੱਜ ਵੀ ਕੋਈ ਫੈਸਲਾ ਸੁਣਾ ਸਕਦਾ ਹੈ, ਅਤੇ ਹੋ ਸਕਦਾ ਹੈ ਕਿ ਇਹ ਤੁਹਾਡੇ ਵਿਚੋਂ ਕਿਸੇ ਇਕ ਜਾਂ ਦੋਵਾਂ ਨੂੰ ਪਸੰਦ ਨਾ ਆਵੇ।

ਜਦੋਂ ਇਸ ਗੱਲ ਤੇ ਵਿਚਾਰ ਹੋ ਰਹੀ ਹੋਵੇ ਕਿ ਮੂਵ ਬੱਚੇ ਦੇ ਬੇਹਤਰੀਨ ਹਿੱਤਾਂ ਵਿਚ ਹੈ ਜਾਂ ਨਹੀਂ, ਤਾਂ ਅਜਿਹੇ ਪਹਿਲੂ ਹਨ, ਜਿਨ੍ਹਾਂ ਬਾਰੇ ਸੋਚਿਆ ਜਾ ਸਕਦਾ ਹੈ। ਇਨ੍ਹਾਂ ਵਿਚ ਨਿਮਨਲਿਖਤ ਸ਼ਾਮਲ ਹਨ:

- ਜੇ ਮੂਵਿੰਗ ਹੁੰਦੀ ਹੈ ਤਾਂ ਕੀ ਅਜਿਹੇ ਰਸਤੇ ਹਨ ਜਿਨ੍ਹਾਂ ਨਾਲ ਉਸ ਮਾਪੇ ਦੇ ਸਮੇਂ ਨੂੰ ਕੁੱਝ ਪੂਰਾ ਕੀਤਾ ਜਾ ਸਕਦਾ ਹੈ, ਜਿਹੜਾ ਮੂਵ ਨਾ ਕਰ ਰਿਹਾ ਹੋਵੇ, ਮਿਸਾਲ ਦੇ ਤੌਰ ਤੇ ਗਰਮੀਆਂ ਵਿਚ ਅਤੇ ਹੋਰ ਸਕੂਲ ਛੁੱਟੀਆਂ ਦੇ ਦਿਨਾਂ ਦੌਰਾਨ ਵਾਧੂ ਪਰਵਰਿਸ਼ ਸਮਾਂ?
- ਜਦ ਤੱਕ ਬੱਚਾ ਵੱਡਾ ਨਹੀਂ ਹੁੰਦਾ, ਕੀ ਮੂਵ ਕਰਨਾ ਟਾਲਿਆ ਜਾ ਸਕਦਾ ਹੈ?
- ਕੀ ਦੂਜਾ ਮਾਪਾ ਵੀ ਨਵੀ ਲੋਕੇਸ਼ਨ ਤੇ ਮੂਵ ਕਰ ਸਕਦਾ ਹੈ?
- ਜੇ ਮੂਵ ਦਾ ਮਕਸਦ ਇਕ ਮਾਪੇ ਦੇ ਨਵੇਂ ਪਾਰਟਨਰ ਕੋਲ ਜਾਣਾ ਹੈ ਤਾਂ ਕੀ ਇਹ ਸੰਭਵ ਹੈ ਕਿ ਉਹ ਪਾਰਟਨਰ ਬੱਚੇ ਦੀ ਮੌਜੂਦਾ ਰਿਹਾਇਸ਼ ਵਾਲੀ ਥਾਂ ਤੇ ਹੀ ਮੂਵ ਕਰ ਜਾਵੇ, ਤਾਂ ਜੋ ਪਰਵਰਿਸ਼ ਸਾਰਣੀ ਨੂੰ ਬਦਲਣ ਦੀ ਲੋੜ ਨਾ ਪਵੇ?

**ਦੋਵੇਂ ਮਾਪੇ ਬੱਚੇ ਦੇ ਸਥਾਨ-ਬਦਲੀ ਨਾਲ ਸਹਿਮਤ ਹਨ, ਕਿਸੇ ਇਤਰਾਜ਼ ਜਾਂ ਅਦਾਲਤੀ ਦਰਖਾਸਤ ਦੀ ਲੋੜ ਨਹੀਂ।**

ਜਿਸ ਵਿਅਕਤੀ ਨੇ ਬੱਚੇ ਨਾਲ ਸਥਾਨ-ਬਦਲੀ ਦੀ ਯੋਜਨਾ ਬਣਾਈ, ਉਹ ਨੋਟਿਸ ਵਿਚ ਦਿੱਤੀ ਤਰੀਕ ਤੇ ਜਾਂ ਉਸ ਤੋਂ ਬਾਦ ਮੂਵ **ਕਰ ਸਕਦਾ** ਹੈ, ਜੇ:

1) ਪਰਵਰਿਸ਼ ਜ਼ਿੰਮੇਵਾਰੀਆਂ ਵਾਲਾ ਦੂਜਾ ਵਿਅਕਤੀ, ਜਿਸ ਨੂੰ ਸਥਾਨ-ਬਦਲੀ ਨੋਟਿਸ ਮਿਲਿਆ, ਜੇ ਉਹ ਨੋਟਿਸ ਮਿਲਣ ਤੋਂ ਬਾਦ 30 ਦਿਨ ਦੇ ਅੰਦਰ ਬੱਚੇ ਦੇ ਮੂਵ ਕਰਨ ਤੇ ਇਤਰਾਜ਼ ਨਹੀਂ ਕਰਦਾ, ਅਤੇ
2) ਕੋਈ ਅਜਿਹਾ ਅਦਾਲਤੀ ਆਦੇਸ਼ ਨਹੀਂ, ਜਿਹੜਾ ਕਹੇ ਕਿ ਮੂਵ ਹੋ ਨਹੀਂ ਸਕਦਾ।

ਭਾਵੇਂ *ਡਾਇਵੋਰਸ ਐਕਟ* ਮੁਤਾਬਕ ਇਸ ਦੀ ਜ਼ਰੂਰਤ ਨਹੀਂ, ਪਰ ਇਹ ਇਕ ਵਧਿਆ ਖਿਆਲ ਹੋ ਸਕਦਾ ਹੈ ਕਿ ਨਵੀਂ ਪਰਵਰਿਸ਼ ਸਾਰਣੀ ਅਤੇ ਰਿਹਾਇਸ਼ ਦੀ ਥਾਂ ਅੱਪਡੇਟਡ ਕੋਰਟ ਔਰਡਰ ਵਿਚ ਸ਼ਾਮਲ ਕਰ ਦਿਤੀ ਜਾਵੇ। ਜੇ ਤੁਸੀਂ ਅਤੇ ਪਰਵਰਿਸ਼ ਜ਼ਿੰਮੇਵਾਰੀਆਂ ਵਾਲਾ ਦੂਜਾ ਵਿਅਕਤੀ ਸਹਿਮਤ ਹੋਣ ਤਾਂ ਸਮਝੌਤੇ ਨੂੰ ਅਦਾਲਤੀ ਆਦੇਸ਼ ਵਿਚ ਮੁਕਾਬਲਤਨ ਅਸਾਨੀ ਸ਼ਾਮਲ ਕਰਵਾਇਆ ਜਾ ਸਕਦਾ ਹੈ। ਜੇ ਤੁਸੀਂ ਕੋਰਟ ਔਰਡਰ ਅੱਪਡੇਟ ਨਹੀਂ ਕਰਦੇ ਤਾਂ ਇਸ ਨਾਲ ਸਕੂਲਾਂ ਅਤੇ ਹੋਰ ਅਥੌਰਟੀਜ਼ ਕੋਲ ਦਿੱਕਤ ਆ ਸਕਦੀ ਹੈ, ਅਤੇ ਜੇ ਕਿਤੇ ਲੋੜ ਪੈ ਜਾਵੇ, ਨਵੇਂ ਸਮਝੌਤੇ ਨੂੰ ਲਾਗੂ ਕਰਵਾਉਣਾ ਮੁਸ਼ਕਲ ਹੋ ਸਕਦਾ ਹੈ।

## ਜੇ ਤੁਸੀਂ ਬੱਚੇ ਦੇ ਸਥਾਨ-ਬਦਲੀ ਦੇ ਪਲੈਨ ਨਾਲ ਸਹਿਮਤ ਨਹੀਂ ਹੋ, ਤਾਂ ਇਤਰਾਜ਼ ਕਰਨ ਦੇ ਦੋ ਤਰੀਕੇ ਹਨ

ਜੇ ਤੁਸੀਂ ਬੱਚੇ ਦੀ ਥਾਂ-ਬਦਲੀ (relocation) ਦੇ ਪਲੈਨ ਨਾਲ ਸਹਿਮਤ ਨਹੀਂ, ਅਤੇ ਤੁਸੀਂ ਪਰਵਰਿਸ਼ ਜ਼ਿੰਮੇਦਾਰੀਆਂ ਵਾਲੇ ਦੂਜੇ ਵਿਅਕਤੀ ਨਾਲ ਸਮਝੌਤੇ ਤੇ ਵੀ ਨਹੀਂ ਪਹੁੰਚ ਸਕੇ, ਤੁਹਾਡੇ ਕੋਲ **ਨੋਟਿਸ ਮਿਲਣ ਤੇ ਇਤਰਾਜ਼ ਕਰਨ ਲਈ 30 ਦਿਨ ਹੋਣਗੇ।**

ਇਤਰਾਜ਼ ਕਰਨ ਦੇ ਦੋ ਤਰੀਕੇ ਹਨ:

1. ਤੁਸੀਂ ਦੂਜੇ ਵਿਅਕਤੀ ਨੂੰ ਆਪਣੇ ਇਤਰਾਜ਼ ਬਾਰੇ ਕੁੱਝ ਖਾਸ ਵੇਰਵੇ ਦੇ ਕੇ ਇਤਰਾਜ਼ ਕਰ ਸਕਦੇ ਹੋ। 'ਔਬਜੈਕਸ਼ਨ ਟੂ ਰੀਲੋਕੇਸ਼ਨ' ਫਾਰਮ ਵਿਚ ਉਹ ਸਾਰੀ ਸੂਚਨਾ ਦੱਸੀ ਗਈ ਹੈ, ਜਿਹੜੀ ਤੁਹਾਡੇ ਇਤਰਾਜ਼ ਵਿਚ ਲਾਜ਼ਮੀ ਤੌਰ ਤੇ ਸ਼ਾਮਲ ਹੋਣੀ ਚਾਹੀਦੀ ਹੈ; ਜਾਂ
2. ਤੁਸੀਂ ਸਥਾਨ-ਬਦਲੀ ਦੀ ਕਾਰਵਾਈ ਰੁਕਵਾਉਣ ਲਈ ਕੋਰਟ ਨੂੰ ਦਰਖਾਸਤ ਦੇ ਸਕਦੇ ਹੋ

ਇਤਰਾਜ਼ਾਂ ਬਾਰੇ ਦੋ ਨੁਕਤੇ:

1. ਸਿਰਫ ਤੁਹਾਡੇ **ਬੱਚੇ** ਦੀ ਸਥਾਨ-ਬਦਲੀ ਦੀ ਯੋਜਨਾ ਤੇ ਇਤਰਾਜ਼ ਹੋ ਸਕਦਾ ਹੈ; ਇਕ ਮਾਪਾ ਦੂਜੇ ਮਾਪੇ ਦੇ ਮੂਵ ਦੀ ਯੋਜਨਾ ਤੇ ਇਤਰਾਜ਼ ਨਹੀਂ ਕਰ ਸਕਦਾ।
2. ਸਿਰਫ ਪਰਵਰਿਸ਼ ਜ਼ਿੰਮੇਵਾਰੀਆਂ ਵਾਲਾ ਵਿਅਕਤੀ ਹੀ ਇਤਰਾਜ਼ ਕਰ ਸਕਦਾ ਹੈ। ਕੌਂਟੈਕਟ ਔਰਡਰ ਵਾਲਾ ਵਿਅਕਤੀ ਬੱਚੇ ਦੇ ਸਥਾਨ-ਬਦਲੀ ਦੀ ਯੋਜਨਾ ਤੇ ਇਤਰਾਜ਼ ਨਹੀਂ ਕਰ ਸਕਦਾ। ਪਰ ਜੇ ਸਥਾਨ-ਬਦਲੀ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਉਹ ਕੌਂਟੈਕਟ ਔਰਡਰ ਵਿਚ ਤਬਦੀਲੀ ਵਾਸਤੇ ਕਹਿ ਸਕਦੇ ਹਨ।
3.

ਜਦੋਂ ਤੁਸੀਂ ਇਤਰਾਜ਼ ਕਰ ਦਿੱਤਾ, ਉਸ ਤੋਂ ਬਾਦ ਸਥਾਨ-ਬਦਲੀ ਉਦੋਂ ਤੱਕ ਨਹੀਂ ਹੋ ਸਕਦੀ, ਜਦੋਂ ਤੱਕ ਕੋਈ ਜੱਜ ਇਹ ਫੈਸਲਾ ਨਹੀਂ ਦਿੰਦਾ ਕਿ ਇਸ ਵਿਚ ਬੱਚੇ ਦੇ ਬੇਹਤਰੀਨ ਹਿੱਤ ਹਨ।

**ਔਬਜੈਕਸ਼ਨ ਟੂ ਰੀਲੋਕੇਸ਼ਨ** ਫਾਰਮ ਵਿਚ ਤੁਹਾਨੂੰ ਨਿਮਨਲਿਖਤ ਦੱਸਣ ਲਈ ਕਿਹਾ ਜਾਂਦਾ ਹੈ:

- ਕਿ ਤੁਸੀਂ ਸਥਾਨ-ਬਦਲੀ ਤੇ ਇਤਰਾਜ਼ ਕਰ ਰਹੇ ਹੋ
- ਤੁਸੀਂ ਇਤਰਾਜ਼ ਕਿਉਂ ਕਰ ਰਹੇ ਹੋ
- ਪਰਵਰਿਸ਼ ਸਮਾਂ, ਕੌਨਟੈਕਟ ਅਤੇ ਫੈਸਲਾ-ਲੈਣ ਦੀ ਜ਼ਿੰਮੇਵਾਰੀ ਬਾਰੇ ਪ੍ਰਸਤਾਵ ਤੇ ਤੁਹਾਡੇ ਵਿਚਾਰ

ਜੇ ਤੁਹਾਨੂੰ **ਔਬਜੈਕਸ਼ਨ ਟੂ ਰੀਲੋਕੇਸ਼ਨ** ਮਿਲ ਗਿਆ, ਜਾਂ ਸਥਾਨ-ਬਦਲੀ ਤੇ ਇਤਰਾਜ਼ ਕਰਨ ਸੰਬੰਧੀ ਅਦਾਲਤ ਵਿਚ ਦਰਖਾਸਤ ਦੇ ਦਿੱਤੀ ਗਈ, ਤੁਸੀਂ ਉਦੋਂ ਤੱਕ ਮੂਵ ਨਹੀਂ ਕਰ ਸਕਦੇ, **ਜਦੋਂ ਤੱਕ ਕੋਰਟ ਮੂਵ ਦੀ ਇਜਾਜ਼ਤ ਦੇਣ ਸੰਬੰਧੀ ਔਰਡਰ ਜਾਰੀ ਨਹੀਂ ਕਰਦੀ।**

## ਕੋਈ ਅਦਾਲਤ ਇਸ ਗੱਲ ਦਾ ਫੈਸਲਾ ਕਿਵੇਂ ਕਰੇਗੀ ਕਿ ਕਿਸੇ ਬੱਚੇ ਦੀ ਸਥਾਨ-ਬਦਲੀ ਹੋ ਸਕਦੀ ਹੈ ਜਾਂ ਨਹੀਂ

ਕਿਸੇ ਬੱਚੇ ਦੀ ਸਥਾਨ-ਬਦਲੀ ਹੋ ਸਕਦੀ ਹੈ ਜਾਂ ਨਹੀਂ, ਉਸ ਬਾਰੇ ਅਦਾਲਤ ਬੱਚੇ ਦੇ ਬੇਹਤਰੀਨ ਹਿੱਤਾਂ ਦੇ ਅਧਾਰ ਤੇ ਫੈਸਲਾ ਕਰੇਗੀ।

## ਬੱਚੇ ਦੇ ਬੇਹਤਰੀਨ ਹਿੱਤਾਂ ਨੂੰ ਨਿਰਧਾਰਤ ਕਰਨ ਵਾਲੇ ਪਹਿਲੂ

ਬੱਚੇ ਦੇ ਬੇਹਤਰਨੀਨ ਹਿੱਤਾਂ ਦੇ ਨਿਰਧਾਰਨ ਲਈ ਅਦਾਲਤ ਬਹੁਤ ਸਾਰੇ ਪਹਿਲੂਆਂ ਤੇ ਨਜ਼ਰ ਮਾਰੇਗੀ (ਪਰਵਰਿਸ਼ ਪ੍ਰਬੰਧ ਫੈਕਟ ਸ਼ੀਟ ਦੇਖੋ)। ਹੋਰ ਵੀ ਪਹਿਲੂ ਹਨ, ਜਿਨ੍ਹਾਂ ਤੇ ਅਦਾਲਤ ਸਥਾਨ-ਬਦਲੀ ਦੇ ਕੇਸਾਂ ਵਿਚ ਅਵੱਸ਼ ਨਜ਼ਰ ਮਾਰਦੀ ਹੈ।

ਕੋਈ ਇਕ ਪਹਿਲੂ ਕੇਸ ਦਾ ਫੈਸਲਾ ਨਹੀਂ ਕਰੇਗਾ, ਅਤੇ ਅਦਾਲਤ ਇਹ ਦੇਖੇਗੀ ਕਿ ਤੁਹਾਡੀ ਹਾਲਤ ਵਿਚ ਹਰ ਪਹਿਲੂ ਕਿਸ ਤਰਾਂ ਲਾਗੂ ਹੁੰਦਾ ਹੈ।

ਕਿਸੇ ਸਥਾਨ-ਬਦਲੀ ਕੇਸ ਵਿਚ ਅਦਾਲਤ ਜਿਨ੍ਹਾਂ ਵਾਧੂ ਪਹਿਲੂਆਂ ਤੇ ਨਜ਼ਰ ਮਾਰੇਗੀ, ਉਹ ਇਹ ਹਨ:

1. **ਸਥਾਨ-ਬਦਲੀ ਦਾ ਕਾਰਨ—**ਅਦਾਲਤ ਇਹ ਜਾਨਣਾ ਚਾਹੇਗੀ ਕਿ ਮੂਵ ਕਰਨ ਦੀ ਯੋਜਨਾ ਕਿਉਂ ਬਣਾਈ ਗਈ ਹੈ । ਮਿਸਾਲ ਦੇ ਤੌਰ ਤੇ, ਕੀ ਇਹ ਨਵੀਂ ਨੌਕਰੀ ਕਰਕੇ ਹੈ, ਨਵੇਂ ਪਾਰਟਨਰ ਕੋਲ ਜਾਣ ਵਾਸਤੇ ਹੈ, ਜਾਂ ਬੱਚੇ ਨੂੰ ਕਿਸੇ ਖਾਸ ਸਕੂਲ ਵਿਚ ਦਾਖਲਾ ਦਿਵਾਉਣ ਕਰਕੇ ਹੈ?
2. ਬੱਚੇ ਤੇ **ਸਥਾਨ ਬਦਲੀ ਦਾ ਅਸਰ**—ਮਿਸਾਲ ਦੇ ਤੌਰ ਤੇ ਮੌਜੂਦਾ ਕਮਿਉਨਿਟੀ ਵਿਚ ਬੱਚੇ ਦੇ ਪਰਿਵਾਰਕ ਸੰਪਰਕ ਕੀ ਹਨ ਅਤੇ ਪ੍ਰਸਤਾਵਿਤ ਨਵੀਂ ਕਮਿਉਨਿਟੀ ਵਿਚ ਕੀ ਹੋਣਗੇ?

3. ਹਰ ਮਾਪੇ ਦਾ ਬੱਚੇ ਨਾਲ **ਪਰਵਰਿਸ਼ ਸਮਾਂ ਅਤੇ ਸ਼ਮੂਲੀਅਤ**—ਮਿਸਾਲ ਦੇ ਤੌਰ ਤੇ ਅਦਾਲਤ ਇਹ ਜਾਨਣਾ ਚਾਹੇਗੀ ਕਿ ਕੀ ਬੱਚੇ ਦੇ ਦੋਵੇਂ ਮਾਪਿਆਂ ਨਾਲ ਇਕੋ ਜਿਹੇ ਮਜ਼ਬੂਤ ਸੰਬੰਧ ਹਨ, ਜਾਂ ਇਕ ਮਾਪੇ ਦੀ ਬੱਚੇ ਨਾਲ ਬਹੁਤ ਥੋੜ੍ਹੀ ਸ਼ਮੂਲੀਅਤ ਹੈ।

4. **ਕੀ ਸਥਾਨ-ਬਦਲੀ ਦੀ ਯੋਜਨਾ ਬਣਾ ਰਹੇ ਵਿਅਕਤੀ ਨੇ ਨੋਟਿਸ ਨਿਯਮਾਂ ਦੀ ਪਾਲਣਾ ਕੀਤੀ ਹੈ**—ਅਦਾਲਤ ਜਾਨਣਾ ਚਾਹੇਗੀ ਕਿ ਕੀ ਮੂਵ ਦੀ ਸਹੀ ਤਰੀਕੇ ਨਾਲ ਯੋਜਨਾ ਬਣਾਈ ਗਈ ਅਤੇ ਕੀ ਦੂਜੇ ਵਿਅਕਤੀ ਨੂੰ ਸੂਚਿਤਾ ਕੀਤਾ ਗਿਆ ਅਤੇ ਪ੍ਰਸਤਾਵ ਦਾ ਜਵਾਬ ਦੇਣ ਲਈ ਮੌਕਾ ਦਿੱਤਾ ਗਿਆ। ਜੇ ਤੁਸੀਂ ਅਜਿਹੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਅਦਾਲਤ ਇਸ ਨੂੰ ਨਕਾਰਾਤਮ ਨਜ਼ਰੀਆ ਨਾਲ ਦੇਖ ਸਕਦੀ ਹੈ।

**ਯਾਦ ਰੱਖੋ:** ਕੁੱਝ ਕੇਸਾਂ ਵਿਚ ਅਦਾਲਤਾਂ ਨੋਟਿਸ ਨਿਯਮਾਂ ਵਿਚ ਛੋਟ ਦੇ ਸਕਦੀਆਂ ਹਨ, ਮਿਸਾਲ ਦੇ ਤੌਰ ਤੇ ਜਿਥੇ ਪਰਿਵਾਰਕ ਹਿੰਸਾ ਹੁੰਦੀ ਹੋਵੇ।

5. **ਕੀ ਕੋਈ ਅਦਾਲਤੀ ਆਦੇਸ਼, ਸਮਝੌਤਾ ਜਾਂ ਸਾਲਸੀ ਸਮਝੌਤਾ(arbitral award)** ਹੈ, ਜਿਹੜਾ ਕਹਿੰਦਾ ਹੈ ਕਿ ਬੱਚਾ ਕਿਸੇ ਖਾਸ ਥਾਂ ਤੇ ਹੀ ਰਹੇ। ਮਿਸਾਲ ਦੇ ਤੌਰ ਤੇ, ਜੇ ਤੁਹਾਡਾ ਅਤੇ ਦੂਜੇ ਮਾਪੇ ਦਾ ਅਲਹਿਦਗੀ ਸਮਝੌਤਾ ਹੈ, ਜਿਹੜਾ ਕਹਿੰਦਾ ਹੈ ਕਿ ਬੱਚਾ ਕਿਸੇ ਖਾਸ ਸ਼ਹਿਰ ਵਿਚ ਹੀ ਰਹੇਗਾ, ਇਹ ਅਜਿਹਾ ਪੱਖ ਹੈ, ਜਿਸ ਤੇ ਅਦਾਲਤ ਵਿਚਾਰ ਕਰੇਗੀ।

**ਸਾਲਸੀ ਫੈਸਲਾ (arbitral award**) ਅਜਿਹਾ ਫੈਸਲਾ ਹੁੰਦਾ ਹੈ, ਜਿਹੜਾ ਕਿਸੇ ਸਾਲਸ (arbitrator) (ਜੱਜ ਤੋਂ ਬਿਨਾਂ ਕੋਈ ਹੋਰ ਵਿਅਕਤੀ, ਜਿਸ ਬਾਰੇ ਜੋੜਾ ਸਹਿਮਤ ਹੋਇਆ ਹੋਵੇ ਕਿ ਉਹ ਉਨ੍ਹਾਂ ਬਾਰੇ ਫੈਸਲਾ ਕਰੇ) ਦੁਆਰਾ ਸੁਣਾਇਆ ਜਾਂਦਾ ਹੈ। ਪ੍ਰੋਵਿੰਸ਼ਲ ਕਨੂੰਨ ਤੈਅ ਕਰਦੇ ਹਨ ਕਿ ਕਿਸੇ ਫੈਮਿਲੀ ਲਾਅ ਮਾਮਲੇ ਵਿਚ ਸਾਲਸ ਕੌਣ ਹੋ ਸਕਦਾ ਹੈ।

6. **ਕੀ ਪਰਵਰਿਸ਼ ਸਮਝੌਤੇ ਵਿਚ ਤਬਦੀਲੀ ਦਾ ਪ੍ਰਸਤਾਵ ਜਚਣਯੋਗ ਹੈ।** ਅਦਾਲਤ ਬੱਚੇ ਦੇ ਪ੍ਰਸਤਾਵਿਤ ਨਵੇਂ ਘਰ ਦੀ ਲੋਕੇਸ਼ਨ ਬਾਰੇ ਦੇਖੇਗੀ, ਅਤੇ ਇਹ ਦੇਖੇਗੀ ਕਿ ਬੱਚੇ ਨਾਲ ਸਮਾਂ ਬਿਤਾਉਣ ਲਈ ਇਥੇ ਟਰੈਵਲ ਕਰਨਾ ਮੂਵ ਨਾ ਕਰਨ ਵਾਲੀ ਧਿਰ ਲਈ ਕਿੰਨਾ ਕੁ ਵਿਹਾਰਕ ਅਤੇ ਮਹਿੰਗਾ ਹੋਵੇਗਾ। ਅਦਾਲਤ ਇਹ ਵੀ ਦੇਖੇਗੀ ਕਿ ਬੱਚੇ ਲਈ ਉਸਦੀ ਪੁਰਾਣੀ ਰਿਹਾਇਸ਼ ਦੇ ਸਥਾਨ ਤੇ ਟਰੈਵਲ ਕਰਨਾ ਕਿੰਨਾ ਕੁ ਅਸਾਨ ਹੋਵੇਗਾ। ਕਿਸੇ ਬੱਚੇ ਦੀ ਉਮਰ ਅਤੇ ਸਖਸ਼ੀਅਤ, ਬੱਚੇ ਦੇ ਟਰੈਵਲ ਬਾਰੇ ਏਅਰਲਾਈਨ, ਟਰੇਨ ਅਤੇ ਬੱਸ ਨਿਯਮ, ਸਾਰੇ ਵਿਚਾਰਨਯੋਗ ਅਹਿਮ ਪਹਿਲੂ ਹਨ।

7. **ਕੀ ਮਾਪੇ ਉਨ੍ਹਾਂ ਦੇ ਫੈਮਿਲੀ ਲਾਅ ਔਰਡਰਾਂ , ਸਮਝੌਤਿਆਂ ਅਤੇ ਸਾਲਸੀ ਸਮਝੌਤਿਆਂ (**arbitral awards**) ਦੀ ਪਾਲਣਾ ਕਰਦੇ ਰਹੇ ਹਨ।** ਮਿਸਾਲ ਦੇ ਤੌਰ ਤੇ, ਅਦਾਲਤ ਇਹ ਜਾਨਣਾ ਚਾਹੇਗੀ ਕਿ ਕੀ ਮੂਵ ਦਾ ਪ੍ਰਸਤਾਵ ਪੇਸ਼ ਕਰ ਰਹੇ ਮਾਪੇ ਨੇ ਬੀਤੇ ਵਿਚ ਪਰਵਰਿਸ਼ ਸਮੇਂ ਤੋਂ ਇਨਕਾਰ ਕੀਤਾ। ਇਸ ਨਾਲ ਭਵਿੱਖ ਵਿਚ ਆਉਣ ਵਾਲੀਆਂ ਸਮੱਸਿਆਵਾਂ ਦਾ ਅੰਦਾਜ਼ਾ ਹੋ ਸਕਦਾ ਹੈ। ਅਦਾਲਤ ਸ਼ਾਇਦ ਇਹ ਵੀ ਜਾਨਣਾ ਚਾਹੇਗੀ ਕਿ ਜਿਹੜਾ ਮਾਪਾ ਮੂਵ ਨਹੀਂ ਕਰਨਾ ਚਾਹੁੰਦਾ, ਕੀ ਉਹ ਬੀਤੇ ਵਿਚ ਆਪਣੇ ਪਰਵਰਿਸ਼ ਸਮੇਂ ਦੀ ਵਰਤੋਂ ਵਿਚ ਨਾਕਾਮਯਾਬ ਰਿਹਾ ਜਾਂ ਉਸਨੇ ਚਾਈਲਡ ਸਪੋਰਟ ਨਹੀਂ ਅਦਾ ਕੀਤੀ, ਜਿਸ ਨਾਲ ਦੂਜੇ ਮਾਪੇ ਲਈ ਵਿੱਤੀ ਖਤਰਾ ਖੜ੍ਹਾ ਹੋ ਗਿਆ।

## ਕਿਸ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਸਥਾਨ-ਬਦਲੀ ਬੱਚੇ ਦੇ ਬੇਹਤਰੀਨ ਹਿੱਤਾਂ ਵਿਚ ਹੈ

ਬੱਚੇ ਵਾਸਤੇ ਸਥਿਰਤਾ ਨੂੰ ਪ੍ਰੋਮੋਟ ਕਰਨ ਲਈ ਅਤੇ ਧਿਰਾਂ ਨੂੰ ਇਸ ਬਾਰੇ ਅਗਵਾਈ ਦੇਣ ਲਈ ਕਿ ਸਥਾਨ-ਬਦਲੀ ਕੇਸਾਂ ਬਾਰੇ ਫੈਸਲਾ ਕਿਵੇਂ ਹੋਵੇਗਾ, *ਡਾਇਵੋਰਸ ਐਕਟ* ਵਿਚ ਦੋ ਹੋਰ ਨਿਯਮ ਹਨ।

### ਬਰਾਬਰ ਪਰਵਰਿਸ਼ ਸਮਾਂ

ਜੇ ਦੋਵੇਂ ਮਾਪਿਆਂ ਕੋਲ **ਕਾਫੀ ਹੱਦ ਤੱਕ ਬਰਾਬਰ ਪਰਵਰਿਸ਼ ਸਮਾਂ** ਹੋਵੇ ( ਬੱਚੇ ਦੀ ਸੰਭਾਲ ਦੀ ਕਰੀਬ ਬਰਾਬਰ ਜ਼ਿੰਮੇਵਾਰੀ ਹੋਵੇ) ਸਥਾਨ-ਬਦਲੀ ਦੀ ਯੋਜਨਾ ਬਣਾ ਰਹੇ ਵਿਅਕਤੀ ਨੂੰ ਸੰਭਾਵਨਾਵਾਂ ਦੇ ਸੰਤੁਲਨ ( ਜਿਸ ਦਾ ਮਤਲਬ ਹੈ ਕਿ ਇਸ ਦੇ ਨਾ ਹੋਣ ਨਾਲੋਂ ਹੋਣ ਦੀ ਸੰਭਾਵਨਾ ਵੱਧ ਹੈ) ਦੇ ਅਧਾਰ ਤੇ ਇਹ ਸਾਬਤ ਕਰਨਾ ਹੋਵੇਗਾ ਕਿ ਮੂਵ ਬੱਚੇ ਦੇ ਬਿਹਤਰੀਨ ਹਿੱਤਾਂ ਵਿਚ ਹੈ।

### ਸਪਸ਼ਟ ਮੁਢਲਾ ਕੇਅਰਗਿਵਰ

ਜੇਕਰ ਬੱਚੇ ਸਮੇਤ ਸਥਾਨ-ਬਦਲੀ ਦੀ ਯੋਜਨਾ ਬਣਾ ਰਹੇ ਵਿਅਕਤੀ ਕੋਲ ਬੱਚੀ ਦੀ **ਪਰਵਰਿਸ਼ ਦਾ ਵੱਡਾ ਸਮਾਂ** ਹੁੰਦਾ ਹੈ, ਤਾਂ ਦੂਜੇ ਮਾਪੇ ਨੂੰ ਸੰਭਾਵਨਾਵਾਂ ਦੇ ਸੰਤੁਲਨ (ਜਿਸ ਦਾ ਮਤਲਬ ਕਿ ਇਸ ਦੇ ਨਾ ਹੋਣ ਨਾਲੋਂ ਹੋਣ ਦੀ ਸੰਭਾਵਨਾ ਵੱਧ ਹੈ) ਦੇ ਅਧਾਰ ਤੇ ਇਹ ਸਾਬਤ ਕਰਨਾ ਹੋਵੇਗਾ ਕਿ ਮੂਵ ਬੱਚੇ ਦੇ ਬੇਹਤਰੀਨ ਹਿੱਤਾਂ ਵਿਚ ਨਹੀਂ ਹੋਵੇਗਾ।

ਇਹ ਦੂਜੇ ਹੋਰ ਨਿਯਮ ਸਿਰਫ ਨਿਮਨਲਿਖਤ ਤੇ ਲਾਗੂ ਹੁੰਦੇ ਹਨ:

- ਪਰਵਰਿਸ਼ ਦਾ ਪ੍ਰਬੰਧ ਅਦਾਲਤੀ ਆਦੇਸ਼, ਸਮਝੌਤੇ ਜਾਂ ਸਾਲਸੀ ਫੈਸਲੇ ਰਾਹੀਂ ਬਣਾਇਆ ਗਿਆ, ਅਤੇ
- ਮਾਪੇ ਇਸ ਦੀ ਪਾਲਣਾ ਕਰ ਰਹੇ ਹਨ।

ਇਹ ਇਸ ਕਰਕੇ ਹੈ, ਕਿਉਂਕਿ ਅਜਿਹੇ ਕੇਸਾਂ ਵਿਚ ਅਦਾਲਤ ਜਾਂ ਮਾਪਿਆਂ ਨੇ ਪਹਿਲਾਂ ਹੀ ਫੈਸਲਾ ਕਰ ਲਿਆ ਹੁੰਦਾ ਹੈ ਕਿ ਬੱਚੇ ਦੇ ਬੇਹਤਰੀਨ ਹਿੱਤਾਂ ਵਿਚ ਕੀ ਹੈ, ਅਤੇ ਹੁਣ ਕੋਈ ਉਸ ਜੀਵਨ-ਪ੍ਰਬੰਧ ਵਿਚ ਬਦਲੀ ਦੀ ਤਜਵੀਜ਼ ਪੇਸ਼ ਕਰ ਰਿਹਾ ਹੈ।

## ਪਰਵਰਿਸ਼ ਸਮੇਂ ਦੀ ਵਰਤੋਂ ਲਈ ਟਰੈਵਲ ਖਰਚੇ

ਜੇ ਸਥਾਨ-ਬਦਲੀ ਹੁੰਦੀ ਹੈ, ਬੱਚਾ ਅਤੇ ਮੂਵ ਨਾ ਕਰਨ ਵਾਲੇ ਮਾਪੇ ਨੂੰ ਇਕੱਠਿਆਂ ਟਰੈਵਲ ਕਰਨਾ ਪੈ ਸਕਦਾ ਹੈ, ਜਿਸ ਤੇ ਖਰਚਾ ਹੁੰਦਾ ਹੈ, ਜਿਵੇਂ ਕਿ ਏਅਰਲਾਈਨ ਜਾਂ ਟਰੇਨ ਟਰੈਵਲ ਅਤੇ ਹੋਟਲ।

*ਡਾਇਵੋਰਸ ਐਕਟ*ਅਦਾਲਤ ਨੂੰ ਇਸ ਬਾਰੇ ਔਰਡਰ ਜਾਰੀ ਕਰਨ ਦੀ ਇਜਾਜ਼ਤ ਦਿੰਦਾ ਹੈ ਕਿ ਕੀ ਦੋਵੇਂ ਧਿਰਾਂ ਇਹ ਖਰਚੇ ਸਾਂਝੇ ਕਰਨ ਜਾਂ ਕਿਵੇਂ ਕਰਨ।

ਸਬੰਧਤ ਲਿੰਕ

- ਯੋਜਨਾਵਾਂ ਬਣਾਉਣਾ: ਅਲਹਿਦਗੀ ਜਾਂ ਤਲਾਕ ਤੋਂ ਬਾਦ ਬੱਚਿਆਂ ਦੀ ਪਰਵਰਿਸ਼ (parenting) ਦੇ ਪ੍ਰਬੰਧਾਂ ਬਾਰੇ ਗਾਈਡ
- ਪਰਵਰਿਸ਼ ਯੋਜਨਾ ਚੈਕਲਿਸਟ
- ਪਰਵਰਿਸ਼ ਯੋਜਨਾ ਔਜ਼ਾਰਾਂ ਤੱਕ ਪਹੁੰਚ
- ਪਰਵਰਿਸ਼ ਫੈਕਟ ਸ਼ੀਟ
- ਤਲਾਕ ਅਤੇ ਪਰਿਵਾਰਕ ਹਿੰਸਾ
- ਪਰਿਵਾਰਕ ਝਗੜਾ ਨਿਪਟਾਰਾ: ਅਦਾਲਤ ਤੋਂ ਬਾਹਰ ਫੈਮਿਲੀ ਲਾਅ ਮੁੱਦਿਆਂ ਦਾ ਨਿਪਟਾਰਾ